بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 10.04.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਇਹ ਵਬਾਵਾਂ ਅਤੇ ਮੁਸੀਬਤਾਂ ਹੁਸ਼ਿਆਰ ਕਰਨ ਲਈ ਆ ਰਹੀਆਂ ਹਨ ਕਿ ਤੁਸੀਂ ਆਪਣੇ ਪੈਦਾ ਕਰਨ ਵਾਲੇ ਦੇ ਹੱਕ ਪੂਰੇ ਕਰੋ ਅਤੇ ਰੱਬ ਦੀ ਮਖ਼ਲੂਕ ਦੇ ਵੀ ਹੱਕ ਪੂਰੇ ਕਰੋ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 10 ਅਪ੍ਰੈਲ 2020 ਈ. ਨੂੰ ਮਸਜਿਦ ਮੁਬਾਰਕ, ਇਸਲਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ اما بعد فاعوذ بالله من الشيطٰن الرجيم ۔ بِسْمِ اللّٰهِ الرَّحْمٰنِ الرَّحِيْمِ ۔ اَلْحَمْدُ لِلّٰهِ رَبِّ الْعَالَمِيْنَ ۔ الرَّحْمٰنِ الرَّحِيْمِ ۔ مَالِكِ يَوْمِ الدِّيْنِ ۔ إِيَّاكَ نَعْبُدُ وَإِيَّاكَ نَسْتَعِيْنُ ۔ اِهْدِنَا الصِّرَاطَ الْمُسْتَقِيْمَ ۔ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਕੱਲ ਕਰੋਨਾ ਵਬਾ ਕਰਕੇ ਜੋ ਦੁਨੀਆ ਦੇ ਹਾਲਾਤ ਹਨ ਉਸ ਨੇ ਆਪਣੇ ਤੇ ਬਿਗਾਨਿਆਂ ਸਾਰਿਆਂ ਨੂੰ ਪ੍ਰੇਸ਼ਾਨ ਕੀਤਾ ਹੋਇਆ ਹੈ । ਕੁਝ ਅਹਮਦੀਆਂ ਨੂੰ ਇਸ ਬਿਮਾਰੀ ਦਾ ਹਮਲਾ ਵੀ ਹੋਇਆ ਹੈ । ਬਹਿਰਹਾਲ ਇਸ ਪ੍ਰੇਸ਼ਾਨੀ ਨੇ ਦੁਨੀਆ ਨੂੰ ਘੇਰਿਆ ਹੋਇਆ ਹੈ । ਇਕ ਮੁਰੱਬੀ ਸਾਹਬ ਨੇ ਮੈਨੂੰ ਲਿੱਖਿਆ ਕਿ ਸਮਝ ਨਹੀਂ ਆ ਰਹੀ ਕਿ ਕੀ ਹੋ ਗਿਆ ਹੈ ਅਤੇ ਕੀ ਹੋ ਰਿਹਾ ਹੈ । ਗੱਲ ਉਹਨਾ ਦੀ ਠੀਕ ਹੈ, ਸਚੱਾਈ ਇਹੋ ਹੈ ਕਿ ਕੁਝ ਪਤਾ ਨਹੀਂ ਲੱਗ ਰਿਹਾ ਕਿ ਕੀ ਹੋ ਰਿਹਾ ਹੈ ਦੁਨੀਆ ਨੂੰ । ਅਲੱਾਹ ਤਆਲਾ ਕੁਰਆਨ ਕਰੀਮ ਵਿੱਚ ਅੱਜ ਕੱਲ ਦੇ ਜ਼ਮਾਨੇ ਦੇ ਹਾਲਾਤਾਂ ਬਾਰੇ ਫ਼ਰਮਾਉਂਦਾ ਹੈ ਕਿ : 'ਵਕਾਲਲ ਇਨਸਾਨੁ ਮਾ ਲਹਾ' (وَقَالَ الۡاِنۡسَانُ مَا لَهَا) ਅਤੇ ਮਨੁੱਖ ਕਹਿ ਉੱਠੇਗਾ ਕਿ ਇਸਨੂੰ ਕੀ ਹੋ ਗਿਆ ਹੈ ? ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲਾਹ ਅਨਹੁ ਨੇ ਫ਼ਰਵਰੀ 1920 ਈ. ਵਿੱਚ ਅੱਜ ਤੋਂ ਸੌ ਸਾਲ ਪਹਿਲਾਂ ਇਸ ਆਇਤ ਦੀ ਸੰਖੇਪ ਜਿਹੀ ਵਿਆਖਿਆ ਕੀਤੀ ਸੀ ਕਿ ਪਹਿਲਾਂ ਇਕ ਅੱਧੀ ਬਲਾ ਜਾਂ ਮੁਸੀਬਤ ਆਉਦੀ ਸੀ ਪਰ ਹੁਣ ਜ਼ਮਾਨਾ ਅਜਿਹਾ ਹੈ ਕਿ ਇਸ ਵਿੱਚ ਬਲਾਵਾਂ ਦੇ ਦਰ ਖੁੱਲ ਗਏ ਹਨ । ਮੈਂ ਵੀ ਕਈ ਵਰ੍ਹਿਆਂ ਤੋਂ ਇਹ ਕਹਿ ਰਿਹਾ ਹਾਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪ੍ਰਕਟ ਹੋਣ ਦੇ ਬਾਦ ਜੱਦ ਤੋਂ ਆਪ ਨੇ ਦੁਨੀਆ ਨੂੰ ਵਿਸ਼ੇਸ਼ ਰੂਪ ਵਿੱਚ ਆਫ਼ਤਾ ਤੇ ਅਕਾਸ਼ੀ ਬਲਾਵਾਂ ਤੋਂ ਹੁਸ਼ਿਆਰ ਕੀਤਾ ਹੈ, ਦੁਨੀਆ ਵਿੱਚ ਹੜ੍ਹ, ਭੂਕੰਪ ਤੇ ਵਬਾਵਾਂ ਦੀ ਗਿਣਤੀ ਬਹੁਤ ਵੱਧ ਗਈ ਹੈ ਅਤੇ ਮਨੁੱਖ ਨੂੰ ਸਧਾਣ ਤੌਰ'ਤੇ ਇਹ ਬਲਾਵਾਂ ਤੇ ਆਫ਼ਤਾਂ ਹੁਸ਼ਿਆਰ ਕਰਨ ਲਈ ਆ ਰਹੀਆਂ ਹਨ

ਕਿ ਤੁਸੀਂ ਆਪਣੇ ਪੈਦਾ ਕਰਨ ਵਾਲੇ ਦੇ ਵੀ ਹੱਕ ਪੂਰੇ ਕਰੋ ਅਤੇ ਰੱਬ ਦੀ ਮਖ਼ਲੂਕ ਦੇ ਵੀ ਹੱਕ ਪੂਰੇ ਕਰੋ, ਉਸ ਦੇ ਬੰਦਿਆਂ ਦੇ ਵੀ ਹੱਕ ਪੂਰੇ ਕਰੋ । ਸੋ, ਇਹਨਾਂ ਹਾਲਾਤਾਂ ਵਿੱਚ ਅਸੀਂ ਆਪ ਵੀ ਪਹਿਲਾਂ ਤੋਂ ਵੱਧ ਰੱਬ ਵੱਲ ਝੁਕਣਾ ਹੈ ਅਤੇ ਦੁਨੀਆ ਨੂੰ ਵੀ ਹੁਸ਼ਿਆਰ ਕਰਨਾ ਹੈ । ਕਈ ਬਿਮਾਰੀਆਂ ਤੇ ਬਲਾਵਾਂ ਜਾਂ ਹੜ੍ਹ ਅਜਿਹੇ ਹਨ ਕਿ ਜੱਦ ਦੁਨੀਆ ਵਿੱਚ ਆਉਣ ਤਾਂ ਕਦਰਤੀ ਤੌਰ'ਤੇ ਇਸ ਦਾ ਪ੍ਰਭਾਵ ਹਰ ਇਕ ਉਪੱਰ ਪੈਂਦਾ ਹੈ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਫ਼ਰਮਾਉਂਦੇ ਹਨ ਕਿ ਠੀਕ ਹੈ ਕੁਝ ਬਲਾਵਾਂ ਦਾ ਸਾਡੇ ਨਾਲ ਸੰਬੰਧ ਨਹੀਂ ਹੈ ਪਰ ਇਸ ਦੁਨੀਆ ਵਿੱਚ ਜੱਦ ਅਸੀਂ ਰਹਿੰਦੇ ਹਾਂ ਤਾਂ ਕਈ ਵਬਾਵਾਂ ਸਾਡੇ'ਤੇ ਵੀ ਪ੍ਰਭਾਵ ਪਾਉਂਦੀਆਂ ਹਨ । ਇਹ ਨਹੀਂ ਹੁੰਦਾ ਕਿ ਇਲਾਹੀ ਜਮਾਤਾਂ ਨੂੰ ਇਹਨਾ ਤੋਂ ਪੂਰਨਤਾ ਸੁਰੱਖਿਅਤ ਰੱਖਿਆ ਜਾਏ । ਆਪ ਨੇ ਫ਼ਰਮਾਇਆ ਕਿ ਕਿਉਂਕਿ ਇਹ ਰੱਬ ਦੀ ਪ੍ਰਕ੍ਰਿਤੀ ਦੇ ਵਿਰੁਧ ਹੁੰਦਾ ਹੈ, ਪਰ ਮੋਮਨ ਇਹਨਾਂ ਔਕੁੜਾਂ ਵਿੱਚ ਰੱਬ ਦੀ ਹਜ਼ੂਰੀ ਵਿੱਚ ਝੁੱਕਦਿਆਂ ਹੋਇਆ ਇਸਦਾ ਧੰਨਵਾਦੀ ਬੰਦਾ ਬਣਦਿਆਂ ਹੋਇਆਂ ਲੰਘ ਜਾਂਦਾ ਹੈ । ਸੋ, ਸਾਨੂੰ ਇਹਨਾ ਦਿਨਾਂ ਵਿੱਚ ਵਿਸ਼ੇਸ਼ ਰੂਪ ਵਿੱਚ ਪਹਿਲਾਂ ਤੋਂ ਵਧੱਕੇ ਰੱਬ ਦੀ ਹਜ਼ੂਰੀ ਵਿੱਚ ਝੁਕਣ ਦਾ ਜਤਨ ਕਰਨਾ ਚਾਹੀਦਾ ਹੈ । ਕਈ ਲੋਕ ਤਬਸਰੇ ਕਰ ਦਿੰਦੇ ਹਨ ਕਿ ਇਹ ਨਿਸ਼ਾਨ ਦੇ ਰੂਪ ਵਿੱਚ ਬਲਾ ਹੈ ਅਤੇ ਕੋਈ ਲੋੜ ਨਹੀਂ ਸਾਵਧਾਨੀ ਦੀ ਜਾਂ ਇਲਾਜ ਦੀ ਜਾਂ ਇਸ ਪ੍ਰਕਾਰ ਦੇ ਹੋਰ ਅਜਿਹੇ ਤਬਸਰੇ ਜੋ ਦੂਜਿਆਂ ਦੀਆਂ ਭਾਵਨਾਵਾਂ ਨੂੰ ਕਸ਼ਟ ਪਹੁੰਚਾਉਂਦੇ ਹਨ । ਸਾਨੂੰ ਨਹੀਂ ਪਤਾ ਕਿ ਇਹ ਨਿਸ਼ਾਨ ਹੈ ਜਾਂ ਨਹੀਂ ਪਰ ਸਧਾਰਣ ਤੌਰ'ਤੇ ਅਸੀਂ ਕਹਿੰਦੇ ਹਾਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪ੍ਰਗਟ ਹੋਣ ਦੇ ਬਾਦ ਧਰਤੀ ਦੀਆਂ ਤੇ ਅਕਾਸ਼ ਦੀਆਂ ਬਲਾਵਾਂ ਤੇ ਆਫ਼ਤਾਂ ਬਹੁਤ ਵੱਧ ਗਈਆਂ ਹਨ ਪਰ ਇਸ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜਮਾਨੇ ਦੀ ਤਾਊਨ (ਪਲੇਗ) ਨਾਲ ਮਿਲਾਉਂਣਾ ਅਤੇ ਫਿਰ ਇਸ ਪ੍ਰਕਾਰ ਦੀਆਂ ਗਲੱਾਂ ਕਰਨੀਆਂ ਨਊਜ਼ਬਿਲੱਾਹਿ ਜੋ ਅਹਮਦੀ ਇਸ ਬਿਮਾਰੀ ਵਿੱਚ ਫਸੇ ਹਨ ਜਾਂ ਇਸ ਰੋਗ ਕਰਕੇ ਦੇਹਾਂਤ ਹੋ ਗਿਆ ਹੈ ਉਹਨਾ ਦਾ ਇਮਾਨ ਕਮਜ਼ੋਰ ਸੀ ਜਾਂ ਹੈ । ਇਹ ਕਿਸੇ ਨੂੰ ਕਹਿਣ ਦਾ ਹੱਕ ਨਹੀਂ ਹੈ । ਤਾਊਨ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਲਈ ਇਕ ਨਿਸ਼ਾਨ ਦੇ ਰੂਪ ਵਿੱਚ ਪ੍ਰਕਟ ਹੋਈ । ਬੇਸ਼ਕ ਇਹ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਇਸ ਬਿਮਾਰੀ ਨਾਲ ਮਰਨ ਵਾਲੇ ਨੂੰ ਸ਼ਹੀਦ ਕਰਾਰ ਦਿਤੱਾ । ਪਰੰਤੂ, ਕਿਉਂਕਿ ਤਾਊਨ ਦੀ ਬਿਮਾਰੀ ਨਿਸ਼ਾਨ ਦੇ ਰੂਪ ਵਿੱਚ ਹੋਈ ਸੀ ਅਤੇ ਇਸ ਬਾਰੇ ਰੱਬ ਨੇ ਵਿਸ਼ੇਸ਼ ਰੂਪ ਵਿੱਚ ਫ਼ਰਮਾਇਆ ਸੀ । ਇਸ ਲਈ ਇਸ ਤਾਊਨ ਦੀ ਜੋ ਆਪ ਦੇ ਜਮਾਨੇ ਵਿੱਚ ਆਇਆ ਇਕ ਵਖੱਰੀ ਹੈਸੀਯਤ ਸੀ ਪਰ ਨਾਲ ਹੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਮੁਫ਼ਤੀ ਸਾਹਬ ਨੂੰ ਕਿਹਾ ਕਿ ਇਸ ਦਾ ਐਲਾਨ ਕਰ ਦੇਣ ਅਖ਼ਬਾਰਾਂ ਵਿੱਚ ਕਿ ਮੈਂ ਆਪਣੀ ਜਮਾਤ ਲਈ ਬਹੁਤ ਦੁਆਵਾਂ ਕਰਦਾ ਹਾਂ ਕਿ ਉਹਨ ਇਸ ਨੂੰ ਬਚਾਏ ਰੱਖੇ । ਪਰ ਆਪ ਫ਼ਰਮਾਉਂਦੇ ਹਨ ਕਿ ਕੁਰਆਨ ਕਰੀਮ ਤੋਂ ਸਾਬਤ ਹੈ ਕਿ ਜੱਦ ਰੱਬ ਦਾ ਕਹਿਰ ਨਾਜ਼ਲ ਹੁੰਦਾ ਹੈ ਤਾਂ ਫਿਰ ਬੁਰਿਆਂ ਨਾਲ ਨੇਕ ਵੀ ਲਪੇਟ ਵਿੱਚ ਆ ਜਾਂਦੇ ਹਨ ਅਤੇ ਫਿਰ ਉਹਨਾ ਦਾ ਹਸ਼ਰ ਆਪਣੇ ਕਰਮਾ ਅਨੁਸਾਰ ਹੋਵੇਗਾ । ਫਿਰ ਆਪ ਫ਼ਰਮਾਉਂਦੇ ਹਨ ਕਿ ਜਿਹਾਦ ਵਿੱਚ ਜੋ ਜਿਤੱਾਂ ਹੋਈਆਂ ਉਹ ਇਸਲਾਮ ਦੀ ਸਚੱਾਈ ਲਈ ਨਿਸ਼ਾਨ ਵੱਜੋਂ ਸਨ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸਹਾਬਾ ਵੀ ਜਿਹਾਦ ਵਿੱਚ ਸ਼ਾਮਲ ਹੋਏ । ਪਰ ਹਰ ਇਕ ਜੰਗ ਵਿੱਚ ਕੁਫ਼ਾਰ ਦੇ ਨਾਲ ਮੁਸਲਮਾਨ ਵੀ ਮਾਰੇ ਗਏ । ਫ਼ਰਮਾਇਆ ਕਿ ਮੁਸਲਮਾਨ ਜੋ ਮਾਰਿਆ ਗਿਆ ਉਹ ਸ਼ਹੀਦ ਅਖਵਾਇਆ । ਆਪ ਫ਼ਰਮਾਉਂਦੇ ਹਨ ਅਜਿਹਾ ਹੀ ਤਾਊਨ ਸਾਡੀ ਸਚੱਾਈ ਲਈ ਇਕ ਨਿਸ਼ਾਨ ਹੈ ਅਤੇ ਸੰਭਵ ਹੈ ਕਿ ਇਸ ਵਿੱਚ ਸਾਡੀ ਜਮਾਤ ਦੇ ਕੁਝ ਵਿਅਕਤੀ ਸ਼ਹੀਦ ਹੋਣ । ਫ਼ਿਰ ਆਪ ਫ਼ਰਮਾਉਂਦੇ ਹਨ ਕਿ ਸਭ ਤੋਂ ਪਹਿਲਾਂ ਰੱਬ ਦੇ ਹੱਕਾਂ ਨੂੰ ਪੂਰਾ ਕਰੋ ਅਤੇ ਮਨ ਦੀਆਂ ਭਾਵਨਾਵਾਂ ਨੂੰ ਪਾਕ ਰੱਖੋ । ਇਸ ਦੇ ਬਾਦ ਰੱਬ ਦੀ ਮਖ਼ਲੂਕ ਦੇ ਹੱਕਾਂ ਨੂੰ ਪੂਰਾ ਕਰੋ । ਫ਼ਰਮਾਇਆ, ਰੱਬ ਉਪੱਰ ਸਚੱਾ ਇਮਾਨ ਲਿਆਓ ਅਤੇ ਰੋਂਦਿਆਂ ਹੋਇਆਂ ਰੱਬ ਦੀ ਹਜ਼ੂਰੀ ਵਿੱਚ ਦੁਆਵਾਂ ਕਰੋ ਅਤੇ ਕੋਈ ਦਿਨ ਅਜਿਹਾ ਨ ਲੰਘੇ ਜਿਸ ਦਿਨ ਤੁਸੀਂ ਰੱਬ ਦੀ ਹਜ਼ੂਰੀ ਵਿੱਚ ਰੋ ਰੋ ਕੇ ਦੁਆ ਨ ਕੀਤੀ ਹੋਵੇ । ਫਿਰ ਆਪ ਫ਼ਰਮਾਉਂਦੇ ਹਨ ਕਿ ਫਿਰ ਇਸ ਦੇ ਬਾਦ

ਜ਼ਾਹਿਰੀ ਸਾਧਨਾ ਰਾਹੀਂ ਸਾਵਧਾਨੀ ਰੱਖੋ । ਫਿਰ ਫ਼ਰਮਾਇਆ ਕਿ ਜੋ ਤੁਹਾਡੇ ਵਿੱਚੋਂ ਤਕਦੀਰੇ ਇਲਾਹੀ ਕਰਕੇ ਤਾਊਨ ਵਿੱਚ ਫੱਸ ਜਾਏ ਤਾਂ ਉਸਦੇ ਨਾਲ ਅਤੇ ਉਸ ਦੇ ਸਾਕਾਂ ਨਾਲ ਪੂਰੀ ਹਮਦਰਦੀ ਕਰੋ ਅਤੇ ਹਰ ਪ੍ਰਕਾਰ ਨਾਲ ਉਹਨਾ ਦੀ ਮਦਦ ਕਰੋ ਅਤੇ ਉਸਦੇ ਇਲਾਜ ਵਿੱਚ ਕੋਈ ਕਸਰ ਨ ਛੱਡੋ । ਪਰ ਚੇਤੇ ਰਹੇ ਕਿ ਹਮਦਰਦੀ ਦੇ ਇਹ ਅਰਥ ਨਹੀਂ ਕਿ ਉਸ ਦੇ ਜ਼ਹਿਰੀਲੇ ਸਾਹ ਜਾਂ ਕਪੜਿਆਂ ਤੋਂ ਪ੍ਰਭਾਵਤ ਹੋ ਜਾਓ ।

ਸੋ, ਇਸ ਗੱਲ ਤੋਂ ਸਾਨੂੰ ਸਬਕ ਲੈਂਣਾ ਚਾਹੀਦਾ ਹੈ ਕਿ ਕਿ ਜੋ ਇਹ ਮਦਦ ਕਰਨ ਵਾਲੇ ਹਨ ਇਹਨਾ ਨੂੰ ਜ਼ਰੂਰੀ ਸਾਵਧਾਨੀਆਂ ਧਾਰਨ ਕਰਨੀਆਂ ਚਾਹੀਦੀਆਂ ਹਨ । ਉਧਾਰਣ ਲਈ ਅੱਜ ਕੱਲ ਕਿਹਾ ਜਾਂਦਾ ਹੈ ਕਿ ਮਾਸਕ ਪਾਓ । ਅਕਾਰਣ ਹੀ ਲੋਕਾਂ ਦੇ ਘਰਾਂ ਵਿੱਚ ਜਾਣ ਤੋਂ ਵੀ ਬਚਣਾ ਚਾਹੀਦਾ ਹੈ । ਬਹੁਤ ਸਾਰੇ ਵਾਲੰਟੀਅਰ ਖ਼ੁਦੱਾਮੁਲ ਅਹਮਦੀਆ ਨੇ ਵੀ ਪੇਸ਼ ਕੀਤੇ ਹਨ, ਉਹ ਸਾਰੀਆਂ ਸਾਵਧਾਨੀਆ ਤੇ ਦੁਆਵਾਂ ਨਾਲ ਇਸ ਮਦਦ ਦੇ ਕਰਤਵ ਨੂੰ ਨੇਪਰੇ ਚਾੜ੍ਹਨ ਅਤੇ ਅਸਾਵਧਾਨੀਆਂ ਤੋਂ ਬਚਣ । ਅਕਾਰਣ ਹੀ ਆਪਣੇ ਆਪ ਨੂੰ ਹਲਾਕਤ ਵਿੱਚ ਨ ਪਾਉਣ । ਇਹ ਜਹਾਲਤ ਤੇ ਮੂਰਖਤਾ ਹੈ ਇਹ ਕੋਈ ਬਹਾਦੁਰੀ ਨਹੀਂ ਹੈ । ਸੋ, ਬਹੁਤ ਸਾਵਧਾਨ ਰਹਿਣ । ਫਿਰ ਆਪ ਨੇ ਫ਼ਰਮਾਇਆ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਜੋ, ਰੱਬ ਨ ਕਰੇ ਇਸ ਬਿਮਾਰੀ ਤੋਂ ਮਰ ਜਾਏ ਉਹ ਸ਼ਹੀਦ ਹੈ ਉਸ ਦੇ ਲਈ ਇਸ਼ਨਾਨ ਦੀ ਲੋੜ ਨਹੀਂ ਅਤੇ ਨਵਾਂ ਕਫ਼ਨ ਪਾਉਣ ਦੀ ਜ਼ਰੂਰਤ ਨਹੀਂ । ਇਸ ਨਾਲ ਫਿਰ ਸ਼ਹੀਦਾਂ ਵਾਲਾ ਸੁਲੂਕ ਕੀਤਾ ਜਾਂਦਾ ਹੈ । ਫਿਰ ਤਕੀਦ ਕਰਦਿਆਂ ਹੋਇਆਂ ਆਪ ਨੇ ਇਹ ਵੀ ਫ਼ਰਮਾਇਆ ਕਿ ਘਰਾਂ ਦੀ ਬਹੁਤ ਅਧਿਕ ਸਫ਼ਾਈ ਰੱਖੋ। ਆਪਣੇ ਕਪੜਿਆਂ ਦੀ ਸਫਾਈ ਰੱਖੋ ਅਤੇ (ਪਾਣੀ ਦੀ ਨਿਕਾਸੀ ਦੀਆਂ) ਨਾਲੀਆਂ ਵੀ ਸਾਫ਼ ਕਰਾਉਂਦੇ ਰਹੋ । ਫਿਰ ਫ਼ਰਮਾਇਆ ਕਿ ਸਭ ਤੋਂ ਪਹਿਲਾਂ ਇਹ ਹੈ ਕਿ ਆਪਣੇ ਦਿਲਾਂ ਨੂੰ ਸਾਫ਼ ਕਰੋ ਅਤੇ ਰੱਬ ਨਾਲ ਪੂਰੀ ਮਿਤੱਰਤਾ ਕਰ ਲਓ ।

ਹਜ਼ੂਰ ਨੇ ਫ਼ਰਮਾਇਆ : ਸਾਨੂ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਕਿ ਸਾਡੇ ਲਈ ਦੁਆਵਾਂ ਦਾ ਮਰਗ ਖੁੱਲਿਆ ਹੈ ਅਤੇ ਰੱਬ ਦੁਆਵਾਂ ਸੁਣਦਾ ਹੈ । ਜੇਕਰ ਖ਼ਾਲਸ ਹੋਕੇ ਉਸ ਦੇ ਅੱਗੇ ਝੁੱਕਿਆ ਜਾਏ ਤਾਂ ਉਹ ਕੁਬੂਲ ਕਰਦਾ ਹੈ। ਸਾਧਾਰਣ ਤੋਰ'ਤੇ ਆਪਣੇ ਲਈ, ਆਪਣੇ ਪਿਆਰਿਆਂ ਲਈ, ਆਪਣੇ ਸਜੱਣਾ ਲਈ, ਜਮਾਤ ਲਈ ਅਤੇ ਸਾਧਾਰਣ ਤੋਰ'ਤੇ ਸਾਰੀ ਮਨੁੱਖਤਾ ਲਈ ਦੁਆਵਾਂ ਕਰਨੀਆਂ ਚਾਹੀਦੀਆਂ ਹਨ । ਅਲੱਾਹ ਤਆਲਾ ਉਹਨਾ'ਤੇ ਵੀ ਅਤੇ ਸਾਡੇ ਉਪੱਰ ਵੀ ਰਹਿਮ ਕਰੇ । ਫਿਰ ਮੈਂ ਕਹਾਂਗਾ ਕਿ ਅੱਜ ਕੱਲ ਦੁਆਵਾਂ, ਦੁਆਵਾਂ ਅਤੇ ਦੁਆਵਾਂ ਉਪੱਰ ਬਹੁਤ ਜ਼ੋਰ ਦੇਣ । ਅਲੱਾਹ ਤਆਲਾ ਜਮਾਤ ਦੇ ਹਰ ਵਿਅਕਤੀ ਨੂੰ ਹਰ ਪੱਖੋਂ ਅਤੇ ਸਾਮੂਹਿਕ ਰੂਪ ਵਿੱਚ ਜਾਮਤ ਨੂੰ ਵੀ ਹਰ ਪੱਖੋਂ ਆਪਣੀ ਸੁਰੱਖਿਆ ਤੇ ਅਮਾਨ ਵਿੱਚ ਰੱਖੇ । ਅਲੱਾਹ ਤਆਲਾ ਮੈਂਨੂੰ ਵੀ ਅਤੇ ਆਪ ਸਾਰਿਆਂ ਨੂੰ ਵੀ ਦੁਆਵਾਂ ਕਰਨ ਦਾ ਅਤੇ ਦੁਆਵਾਂ ਦੀ ਪਰਵਾਨਗੀ ਤੋਂ ਲਾਭਵੰਤ ਹੋਣ ਦਾ ਸੰਜੋਗ ਪ੍ਰਦਾਨ ਕਰੇ ।

ਹਜ਼ੂਰ ਅਨਵਰ ਨੇ ਫ਼ਰਮਾਇਆ ਇਹ ਗੱਲ ਵੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਅਹਮਦੀ ਕਾਰੋਬਾਰ ਵਿੱਚ ਹਨ ਉਹ ਇਹਨਾਂ ਦਿਨਾਂ ਵਿੱਚ ਆਪਣੀਆਂ ਚੀਜ਼ਾਂ ਵਿੱਚ ਅਸਾਧਾਰਣ ਲਾਭ ਬਨਾਉਣ ਦਾ ਜਤਨ ਨ ਕਰਨ । ਇਹ ਮਨੁਖੱਤਾ ਦੀ ਸੇਵਾ ਦੇ ਦਿਨ ਹਨ ਜਿਸ ਦੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵੀ ਤਲਕੀਨ ਕੀਤੀ ਹੈ ਕਿ ਹਮਦਰਦੀ ਦੀ ਭਾਵਨਾ ਪੈਦਾ ਕਰੋ । ਹਕੂਕੁਲ ਇਬਾਦ (ਰੱਬ ਦੀ ਮਖ਼ਲੂਕ ਦੇ ਹੱਕ) ਪੂਰਾ ਕਰਨ ਦੇ ਇਹੋ ਦਿਨ ਹਨ ਅਤੇ ਇਸ ਰਾਹੀਂ ਇਹ ਰੱਬ ਦੀ ਨੇੜਤਾ ਪਾਉਣ ਦੇ ਵੀ ਦਿਨ ਹਨ । ਰੱਬ ਸਾਰਿਆਂ ਨੂੰ ਇਸ ਦੀ ਤੋਫ਼ੀਕ ਪ੍ਰਦਾਨ ਕਰੇ ।

ਹਜ਼ੂਰ ਅਨਵਰ ਨੇ ਫ਼ਰਮਾਇਆ, ਹੁਣ ਮੈਂ ਬੀਤੇ ਦਿਨੀ ਫ਼ੋਤ ਹੋਣ ਵਾਲੇ ਸਾਡੇ ਇਕ ਅਤਿਅੰਤ ਭਲੇ ਪੁਰੁਖ ਤੇ ਸੇਵਕ ਮੁਹਤਰਮ ਨਾਸਿਰ ਅਹਮਦ ਸਈਦ ਸਾਹਬ ਦਾ ਜ਼ਿਕਰ ਕਰਾਂਗਾ ਜੋ 5 ਅਪ੍ਰੈਲ ਨੂੰ ਇਲਾਹੀ ਹੁਕੁਮ ਮੁਜਬ ਵਫ਼ਾਤ ਪਾ ਗਏ ਹਨ । انا للہ وانا الیہ راجعون। ਰੱਬ ਦੀ ਮਿਹਰ ਨਾਲ ਤੀਜੀ ਖ਼ਿਲਾਫ਼ਤ ਤੋਂ ਲੈਕੇ ਮੇਰੇ ਸਮੇਂ ਤੱਕ ਇਹਨਾ ਨੂੰ ਡਿਊਟੀ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ ।

ਨਾਸਿਰ ਸਈਦ ਸਾਹਬ ਬਹੁਤ ਖ਼ੂਬੀਆਂ ਦੇ ਮਾਲਕ ਸਨ । ਬਹੁਤ ਇਮਾਨਦਾਰੀ ਤੇ ਕੁਸ਼ਲਤਾ ਨਾਲ ਆਪਣੀ ਡਿਊਟੀ ਦਿੰਦੇ ਸਨ । ਖ਼ਿਲਾਫ਼ਤ ਨਾਲ ਇਹਨਾ ਨੂੰ ਬਹੁਤ ਸੱਚੇ ਪਿਆਰ ਦਾ ਸੰਬੰਧ ਸੀ । ਇਹਨਾਂ ਦੇ ਪਿਛੋਕੜ ਵਿੱਚ ਇਹਨਾ ਦੀ ਪਤਨੀ ਕੁਲਸੂਮ ਬੇਗ਼ਮ ਸਾਹਿਬਾ ਹਨ ਅਤੇ ਇਕ ਪੁਤੱਰ ਹੈ ਖ਼ਾਲਿਦ ਸਈਦ ਇਹ ਵੀ ਰਜ਼ਾਕਾਰ (ਸਵੈਸੇਵੀ) ਦੇ ਰੂਪ ਵਿੱਚ ਵਿਸ਼ੇਸ਼ ਸੁਰੱਖਿਆ ਵਿੱਚ ਡਿਊਟੀ ਦਿੰਦੇ ਰਹਿੰਦੇ ਹਨ । ਰੱਬ ਇਹਨਾ ਨੂੰ ਵੀ ਆਪਣੇ ਪਿਤਾ ਸਾਹਬ ਵਾਂਗ ਵਫ਼ਾਦਾਰ ਬਣਾਏ ਅਤੇ ਉਹਨਾ ਦੇ ਪਦਚਿੰਨ੍ਹਾ ਉਪੱਰ ਚਲੱਣ ਦੀ ਤੌਫ਼ੀਕ ਪ੍ਰਦਾਨ ਕਰੇ ਅਤੇ ਇਹਨਾ ਦੀ ਸੁਪਤਨੀ ਨੂੰ ਸਬਰ ਤੇ ਹੌਂਸਲਾ ਪ੍ਰਦਾਨ ਕਰੇ ।

ਅਦਨਾਨ ਜ਼ਫ਼ਰ ਸਾਹਬ ਸਾਬਕਾ ਮੁਹਤਮਿਮ ਯੂ.ਕੇ. ਲਿਖੱਦੇ ਹਨ ਕਿ ਮੈਂ ਨਾਸਿਰ ਸਈਦ ਸਾਹਬ ਨੂੰ ਪੁੱਛਿਆ ਕਿ ਮੈਂਨੂੰ ਕੋਈ ਨਸੀਹਤ ਕਰਨ ਤਾਂ ਉਹਨਾ ਨੇ ਕਿਹਾ ਕਿ ਇੱਥੇ ਆਪਣੀਆਂ ਅਖੱਾਂ ਤੇ ਕੰਨ੍ਹ ਖੁੱਲੇ ਰਖੱਣਾ ਅਤੇ ਜ਼ੁਬਾਨ (ਮੂੰਹ) ਬੰਦ ਰਖੱਣਾ ਅਤੇ ਇਸ ਦੇ ਨਾਲ ਦੁਆ ਕਰਦੇ ਰਹਿਣਾ । ਇਹ ਨਸੀਹਤ ਜੋ ਹੈ ਸਾਧਾਰਣ ਤੌਰ'ਤੇ ਹਰ ਜੀਵਨ ਵਕਫ਼ ਕਰਨ ਵਾਲੇ ਲਈ ਜ਼ਰੂਰੀ ਹੈ । ਇਸ'ਤੇ ਅਮਲ ਕਰਨਾ ਹਰ ਕਾਰਕੁਨ ਅਤੇ ਜਮਾਤੀ ਸੇਵਕ ਲਈ ਜ਼ਰੂਰੀ ਹੈ ਹਰ ਉਹਦੇਦਾਰ ਲਈ ਵੀ ਜ਼ਰੂਰੀ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ ਉਹਨਾ ਦੀ ਨਮਾਜ਼ ਜਨਾਜ਼ਾਹ ਗ਼ਾਇਬ ਬਾਦ ਵਿੱਚ ਕਿਸੇ ਸਮੇਂ ਪੜ੍ਹਾਵਾਂਗਾ । ਆਪਣੀ ਸੇਵਾ ਨੂੰ, ਆਪਣੇ ਉਹਦੇ ਨੂੰ ਵਫ਼ਾਦਾਰੀ ਨਾਲ ਨਿਭਾਉਦਿਆਂ ਹੋਇਆਂ ਇਹ ਦੁਨੀਆਂ ਤੋਂ ਕੂਚ ਹੋਏ ਹਨ । ਹਰ ਅਹਿਦ ਜੋ ਇਹਨਾ ਨੇ ਰੱਬ ਨਾਲ ਕੀਤਾ ਉਹ ਪੂਰਾ ਕੀਤਾ, ਇਹਨਾ ਦੇ ਜੀਵਨ ਵਿੱਚ ਇਹੋ ਦਿਖਾਈ ਦਿੰਦਾ ਹੈ । ਇਸ ਪੱਖੋਂ ਇਹ ਉਹਨਾ ਲੋਕਾਂ ਵਿੱਚ ਗਿਣੇ ਜਾਂਦੇ ਹਨ ਜਿੰਨ੍ਹਾ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਇਹ ਸ਼ਹੀਦ ਹਨ । ਅਲੱਾਹ ਤਆਲਾ ਇਹਨਾਂ ਨੂੰ ਇਹਨਾਂ ਵਿੱਚ ਸ਼ਾਮਲ ਕਰੇ ਅਤੇ ਉਹ ਸਾਰੇ ਅਹਮਦੀ ਜਿੰਨ੍ਹਾ ਦੀ ਇਸ ਬਿਮਾਰੀ ਕਰਕੇ ਮੌਤ ਹੋਈ ਹੈ, ਰੱਬ ਉਹਨਾ ਨਾਲ ਵੀ ਮਿਹਰ ਤੇ ਬਖ਼ਸ਼ਿਸ਼ ਦਾ ਵਰਤਾਉ ਕਰੇ ਅਤੇ ਸਾਡੀ ਤਾਂ ਇਹੋ ਦੁਆ ਹੈ ਕਿ ਹਰ ਇਕ ਜੋ ਹੈ ਉਹ ਰੱਬ ਦੀ ਮਿਹਰ ਤੇ ਬਖ਼ਸ਼ਿਸ਼ ਹਾਸਲ ਕਰਨ ਵਾਲਾ ਹੋਵੇ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ
فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَاَشْهَدُ اَنْ لَّا اِلٰهَ اِلَّا اللّٰهُ وَحْدَهٗ لَا شَرِيْكَ لَهٗ وَاَشْهَدُ اَنَّ مُحَمَّدًا عَبْدُهٗ وَرَسُوْلُهٗ، عِبَادَ اللّٰهِ
رحمکم اللّٰہ اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ
فَاذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔

★★★★★

**Khulasa Khutba Jumma 10.04.2020**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131